# Punjab Government Gazette

## EXTRAORDINARY

*Published by Authority*

CHANDIGARH, FRIDAY, OCTOBER 10, 2025
(ASVINA 18, 1947 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ I | **ਐਕਟ** | |
| | 1. ਪੰਜਾਬ ਪਹੀਏਦਾਰ ਗੱਡੀਆਂ (ਲਾਈਟਾਂ) ਐਕਟ, 1976 (1976 ਦਾ ਪੰਜਾਬ ਐਕਟ ਨੰ. 37) | ...595-597 |
| | 2. ਪੰਜਾਬ ਰਜਿਸਟਰੀਕਰਨ (ਜਾਇਜ਼ਕਰਣ) ਐਕਟ, 1973 (1973 ਦਾ ਪੰਜਾਬ ਐਕਟ ਨੰ. 15) | ...599 |
| | 3. ਪੰਜਾਬ ਰਜਿਸਟਰੀਕਰਨ ਜਾਇਜ਼ ਕਾਰਕ ਐਕਟ, 1981 (1981 ਦਾ ਪੰਜਾਬ ਐਕਟ ਨੰ. 21) | ...601-605 |
| ਭਾਗ II | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ III | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ IV | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


———

ਭਾਗ-1

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 10 ਅਕਤੂਬਰ, 2025

ਨੰ: 46/ਭ.ਕ./2025.- ਪੰਜਾਬ ਪਹੀਏਦਾਰ ਗੱਡੀਆਂ (ਲਾਈਟਾਂ) ਐਕਟ, 1976 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 10th October, 2025

**No. 46/L.C./2025.**- The Translation in Punjabi of the Punjab Wheeled Vehicles (Lights) Act, 1976 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਪੰਜਾਬ ਪਹੀਏਦਾਰ ਗੱਡੀਆਂ (ਲਾਈਟਾਂ) ਐਕਟ, 1976

(1976 ਦਾ ਪੰਜਾਬ ਐਕਟ ਨੰ: 37)

ਕੁੱਝ ਪਹੀਏਦਾਰ ਗੱਡੀਆਂ ਨੂੰ ਰਾਤ ਦੌਰਾਨ ਲਾਈਟਾਂ ਅਤੇ ਰਿਫਲੈਕਟਰ ਧਾਰਣ ਕਰਨ ਦੀ ਲੋੜ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਸਤਾਈਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. ਇਸ ਐਕਟ ਨੂੰ ਪੰਜਾਬ ਪਹੀਏਦਾਰ ਗੱਡੀਆਂ (ਲਾਈਟਾਂ) ਐਕਟ, 1976 ਕਿਹਾ ਜਾ ਸਕੇਗਾ। ਸੰਖੇਪ ਨਾਂ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ।

(ੳ) "ਪਹੀਏਦਾਰ ਗੱਡੀ" ਦਾ ਮਤਲਬ ਹੈ-

(i) ਜਾਨਵਰਾਂ ਦੁਆਰਾ ਖਿੱਚੀ ਜਾਣ ਵਾਲੀ ਅਤੇ ਵਿਅਕਤੀਆਂ ਨੂੰ ਲੈ ਕੇ ਜਾਣ ਜਾਂ ਮਾਲ ਦੀ ਢੁਆਈ ਦੇ ਪ੍ਰਯੋਜਨ ਲਈ ਵਰਤੀ ਜਾਣ ਵਾਲੀ ਪਹੀਏਦਾਰ ਗੱਡੀ;

(ii) ਇੱਕ ਮਨੁੱਖ ਦੁਆਰਾ ਮਸ਼ੀਨੀ-ਸ਼ਕਤੀ ਦੀ ਸਹਾਇਤਾ ਤੋਂ ਬਿਨਾਂ ਚਲਾਇਆ ਜਾਂ ਖਿੱਚਿਆ ਜਾਣ ਵਾਲਾ ਸਾਈਕਲ ਜਾਂ ਸਾਈਕਲ-ਰਿਕਸ਼ਾ।

(ਅ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ੲ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ।

ਪਹੀਏਦਾਰ ਗੱਡੀਆਂ ਵੱਲੋਂ ਲਾਈਟਾਂ ਧਾਰਣ ਕਰਨਾ।

3. ਮੁਕੱਰਰ ਘੰਟਿਆਂ ਦੌਰਾਨ ਸੜਕ 'ਤੇ ਹਰੇਕ ਪਹੀਏਦਾਰ ਗੱਡੀ ਅਜਿਹੀਆਂ ਲਾਈਟਾਂ ਜਾਂ ਰਿਫ਼ਲੈਕਟਰ, ਜਾਂ ਅਜਿਹੇ ਤਰੀਕੇ ਨਾਲ ਫਿੱਟ ਕੀਤੇ ਅਤੇ ਅਜਿਹੀ ਦੂਰੀ ਤੋਂ ਦ੍ਰਿਸ਼ਟਮਾਨ ਅਜਿਹੇ ਆਕਾਰ ਅਤੇ ਪ੍ਰਕਾਰ ਦੀਆਂ ਲਾਈਟਾਂ ਅਤੇ ਰਿਫਲੈਕਟਰ ਧਾਰਣ ਕਰੇਗੀ, ਜਿਵੇਂ ਮੁਕੱਰਰ ਕੀਤਾ ਜਾਵੇ।

ਅਪਰਾਧ।

4. ਜੋ ਕੋਈ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਕਿਸੇ ਨਿਯਮ ਦੇ ਉਪਬੰਧਾਂ ਦੀ ਉਲੰਘਣਾ ਕਰਦਾ ਹੈ, ਉਹ ਜ਼ੁਰਮਾਨੇ ਨਾਲ ਸਜ਼ਾਯੋਗ ਹੋਵੇਗਾ ਜੋ ਦੋ ਸੌ ਪੰਜਾਹ ਰੁਪਏ ਤੱਕ ਵਧਾਇਆ ਜਾ ਸਕੇਗਾ।

ਅਦਾਲਤ ਦੀ ਅਧਿਕਾਰਤਾ ਅਤੇ ਜ਼ਾਬਤਾ।

5. (1) ਰਾਜ ਸਰਕਾਰ ਦੁਆਰਾ ਇਸ ਨਮਿੱਤ ਖ਼ਾਸ ਤੌਰ ਤੇ ਸ਼ਕਤੀ ਪ੍ਰਾਪਤ ਕਾਰਜਪਾਲਕ ਮੈਜਿਸਟਰੇਟ ਦੀ ਅਦਾਲਤ ਤੋਂ ਇਲਾਵਾ ਕੋਈ ਅਦਾਲਤ ਇਸ ਐਕਟ ਅਧੀਨ ਸਜ਼ਾ ਯੋਗ ਅਪਰਾਧ ਦਾ ਵਿਚਾਰਣ ਨਹੀਂ ਕਰੇਗੀ।

(2) ਇਸ ਐਕਟ ਅਧੀਨ ਸਾਰੇ ਅਪਰਾਧਾਂ ਦੀ ਤਫ਼ਤੀਸ਼, ਜਾਂਚ, ਵਿਚਾਰਣ ਅਤੇ ਹੋਰਵੇਂ ਤਰ੍ਹਾਂ ਕਾਰਵਾਈ ਫ਼ੌਜਦਾਰੀ ਜ਼ਾਬਤਾ ਸੰਘਤਾ, 1973 ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਕੀਤੀ ਜਾਵੇਗੀ, ਅਤੇ ਇਸ ਵਿੱਚ ਇੱਕ ਮੈਜਿਸਟ੍ਰੇਟ ਦੇ ਸਾਰੇ ਹਵਾਲਿਆਂ ਨੂੰ ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਗਏ ਇੱਕ ਕਾਰਜਪਾਲਕ ਮੈਜਿਸਟਰੇਟ ਦੇ ਹਵਾਲਿਆਂ ਵਜੋਂ ਸਮਝਿਆ ਜਾਵੇਗਾ।

(3) ਫ਼ੌਜਦਾਰੀ ਜ਼ਾਬਤਾ ਸੰਘਤਾ, 1973 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਅਧੀਨ ਸ਼ਕਤੀ ਪ੍ਰਾਪਤ ਕਾਰਜਪਾਲਕ ਮੈਜਿਸਟਰੇਟ, ਜੇ ਉਹ ਠੀਕ ਸਮਝੇ, ਤਾਂ ਇਸ ਐਕਟ ਅਧੀਨ ਕਿਸੇ ਵੀ ਅਪਰਾਧ ਦਾ ਫ਼ੌਜਦਾਰੀ ਜ਼ਾਬਤਾ ਸੰਘਤਾ, 1973 ਦੇ ਅਧਿਆਏ XXI ਵਿੱਚ ਨਿਯਤ ਕੀਤੇ ਜ਼ਾਬਤੇ ਦੀ ਅਨੁਸਾਰਤਾ ਵਿੱਚ ਸਰਸਰੀ ਵਿਚਾਰਣ ਕਰ ਸਕੇਗਾ।

(4) ਫ਼ੌਜਦਾਰੀ ਜ਼ਾਬਤਾ ਸੰਘਤਾ, 1973 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਅਧੀਨ ਸ਼ਕਤੀ ਪ੍ਰਾਪਤ ਕਾਰਜਪਾਲਕ ਮੈਜਿਸਟਰੇਟ ਮੁਲਜ਼ਮ ਵਿਅਕਤੀ ਨੂੰ ਸੰਮਨ ਤਾਮੀਲ ਕਰਨ ਤੇ ਇਹ ਦੱਸੇਗਾ ਕਿ ਉਹ-

(ੳ) ਨਿੱਜੀ ਰੂਪ ਵਿੱਚ ਜਾਂ ਕਿਸੇ ਕਾਨੂੰਨੀ ਪ੍ਰੈਕਟੀਸ਼ਨਰ ਰਾਹੀਂ ਪੇਸ਼ ਹੋ ਸਕਦਾ ਹੈ;

(ਅ) ਦੋਸ਼ ਦੀ ਸੁਣਵਾਈ ਤੋਂ ਪਹਿਲਾਂ ਇੱਕ ਉਲਿਖਤ ਤਰੀਕ ਤੱਕ, ਰਜਿਸਟਰਸ਼ੁਦਾ ਪੱਤਰ ਦੁਆਰਾ ਅਰੋਪ ਦਾ ਦੋਸ਼ ਮੰਨ ਸਕਦਾ ਹੈ ਅਤੇ ਅਦਾਲਤ ਨੂੰ ਅਜਿਹੀ ਰਕਮ (ਅਪਰਾਧ ਲਈ ਅਰੋਪੇ ਜਾਣ ਵਾਲੇ ਵੱਧ ਤੋਂ ਵੱਧ ਜੁਰਮਾਨੇ ਤੋਂ ਨਾ ਵੱਧ) ਭੇਜ ਸਕਦਾ ਹੈ ਜਿਵੇਂ ਅਦਾਲਤ ਉਲਿਖਤ ਕਰੇ।

(5) ਜਿੱਥੇ ਕੋਈ ਮੁਲਜ਼ਮ ਵਿਅਕਤੀ ਉਪ-ਧਾਰਾ (4) ਦੇ ਖੰਡ (ਅ) ਅਧੀਨ ਦੋਸ਼ ਮੰਨਦਾ ਹੈ ਅਤੇ ਉਲਿਖਤ ਰਕਮ ਭੇਜਦਾ ਹੈ, ਤਾਂ ਉਸ ਵਿਰੁੱਧ ਅਪਰਾਧ ਦੇ ਬਾਰੇ ਵਿੱਚ ਅਗਲੇਰੀ ਕਾਰਵਾਈ ਨਹੀਂ ਕੀਤੀ ਜਾਵੇਗੀ।

6. (1) ਰਾਜ ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ। ਨਿਯਮ ਬਣਾਉਣ ਦੀ ਸ਼ਕਤੀ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ 'ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖਿਆਂ ਲਈ ਉਪਬੰਧ ਕਰ ਸਕਣਗੇ-

(ੳ) ਉਹ ਘੰਟੇ ਜਿਨ੍ਹਾਂ ਦੌਰਾਨ ਪਹੀਏਦਾਰ ਗੱਡੀਆਂ ਦੁਆਰਾ ਲਾਈਟ ਨੂੰ ਧਾਰਨ ਕੀਤਾ ਜਾਵੇਗਾ;

(ਅ) ਪਹੀਏਦਾਰ ਗੱਡੀਆਂ ਦੁਆਰਾ ਧਾਰਨ ਕੀਤੀਆਂ ਜਾਣ ਵਾਲੀਆਂ ਲਾਈਟਾਂ ਜਾਂ ਰਿਫ਼ਲੈਕਟਰ, ਜਾਂ ਲਾਈਟਾਂ ਅਤੇ ਰਿਫ਼ਲੈਕਟਰ;

(ੲ) ਲਾਈਟਾਂ ਅਤੇ ਰਿਫਲੈਕਟਰਾਂ ਦਾ ਆਕਾਰ ਅਤੇ ਵਿਵਰਣ;

(ਸ) ਉਹ ਜਗ੍ਹਾ ਅਤੇ ਤਰੀਕਾ ਜਿਸ ਵਿੱਚ ਪਹੀਏਦਾਰ ਗੱਡੀ 'ਤੇ ਲਾਈਟ ਜਾਂ ਰਿਫਲੈਕਟਰ ਲਗਾਇਆ ਜਾਣਾ ਹੈ;

(ਹ) ਉਹ ਦੂਰੀ ਜਿੱਥੋਂ ਲਾਈਟ ਜਾਂ ਪ੍ਰਤਿਬਿੰਬਤ ਲਾਈਟ ਦ੍ਰਿਸਟੀਮਾਨ ਹੋਣੀ ਚਾਹੀਦੀ ਹੈ।

(3) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ ਗੁਜ਼ਰਨ ਤੋਂ ਪਹਿਲਾਂ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸ ਜਾਂ ਇਜਲਾਸਾਂ ਦੇ ਗੁਜ਼ਰਣ ਤੋਂ ਪਹਿਲਾਂ, ਸਦਨ ਉਸ ਨਿਯਮਾਂ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ ਜਿਹੀ ਕਿ ਸੂਰਤ ਹੋਵੇ, ਉਸ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ; ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਲੋਪ ਕੀਤੀ ਜਾਣ ਵਾਲੀ ਕਿਸੇ ਵੀ ਗੱਲ ਦੀ ਜਾਇਜ਼ਤਾ 'ਤੇ ਪ੍ਰਤੀਕੂਲ ਪ੍ਰਭਾਵ ਨਹੀਂ ਹੋਵੇਗਾ।

**ਦੇਵਿੰਦਰ ਕੁਮਾਰ ਗੁਪਤਾ,**
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3524/10-2025/Pb. Govt. Press, S.A.S. Nagar*

ਭਾਗ–1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 10 ਅਕਤੂਬਰ, 2025

ਨੰ: 47/ਭ.ਕ./2025.– ਪੰਜਾਬ ਰਜਿਸਟਰੀਕਰਨ (ਜਾਇਜ਼ਕਰਣ) ਐਕਟ, 1973 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6–ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 10th October, 2025

**No. 47/L.C./2025.**- The Translation in Punjabi of the Punjab Registration (Validation) Act, 1973 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

**ਪੰਜਾਬ ਰਜਿਸਟਰੀਕਰਨ (ਜਾਇਜ਼ਕਰਣ) ਐਕਟ**, 1973

(1973 **ਦਾ ਪੰਜਾਬ ਐਕਟ ਨੰ:** 15)

ਕੁੱਝ ਕੁ ਰਜਿਸਟਰੀਆਂ ਅਤੇ ਇਸ ਨਾਲ ਲਗਦੇ ਮਾਮਲਿਆਂ ਨੂੰ ਜਾਇਜ਼ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਚੌਵੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

1. ਇਸ ਐਕਟ ਨੂੰ ਪੰਜਾਬ ਰਜਿਸਟਰੀਕਰਨ (ਜਾਇਜ਼ਕਰਣ) ਐਕਟ, 1973 ਕਿਹਾ ਜਾ ਸਕੇਗਾ। ਸੰਖੇਪ ਨਾਂ।

2. ਆਮ ਸਹਾਇਕ, ਅੰਮ੍ਰਿਤਸਰ ਦੁਆਰਾ 1 ਸਤੰਬਰ, 1964 ਤੋਂ ਅਰੰਭ ਅਤੇ 13 ਫਰਵਰੀ, 1973 ਨੂੰ ਖਤਮ ਹੋਣ ਵਾਲੀ ਮੁੱਦਤ ਦੌਰਾਨ ਅੰਮ੍ਰਿਤਸਰ ਸ਼ਹਿਰ ਦੇ ਸਬ–ਰਜਿਸਟਰਾਰ ਵਜੋਂ ਕੀਤੇ ਸਾਰੇ ਕਾਰਜ ਜਾਇਜ਼ ਹੋਣਗੇ ਅਤੇ ਜਾਇਜ਼ ਤੌਰ ਤੇ ਨਿਭਾਏ ਸਮਝੇ ਜਾਣਗੇ ਜਿਵੇਂ ਕਿ ਉਪਰੋਕਤ ਅਧਿਕਾਰੀ ਦੀ ਨਿਯੁਕਤੀ ਭਾਰਤੀ ਰਜਿਸਟਰੀਕਰਨ ਐਕਟ, 1908 (1908 ਦਾ ਐਕਟ XVI) ਦੇ ਅਧੀਨ ਅਜਿਹੇ ਕਾਰਜਾਂ ਦੇ ਨਿਭਾਉਣ ਦੇ ਪ੍ਰਯੋਜਨਾਂ ਲਈ ਸਬ–ਰਜਿਸਟਰਾਰ ਵਜੋਂ ਉਚਿਤ ਢੰਗ ਨਾਲ ਕੀਤੀ ਗਈ ਸੀ। ਸਬ–ਰਜਿਸਟਰਾਰ ਦੇ ਤੌਰ ਤੇ ਕਾਰਜ ਕਰ ਰਹੇ ਆਮ ਸਹਾਇਕ, ਅੰਮ੍ਰਿਤਸਰ ਦੇ ਕਾਰਜਾਂ ਦੀ ਜਾਇਜ਼ਤਾ।

**ਦੇਵਿੰਦਰ ਕੁਮਾਰ ਗੁਪਤਾ,**
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ।

*3524/10-2025/Pb. Govt. Press, S.A.S. Nagar*

ਭਾਗ-1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 10 ਅਕਤੂਬਰ, 2025

ਨੰ: 48/ਭ.ਕ./2025.- ਪੰਜਾਬ ਰਜਿਸਟਰੀਕਰਨ ਜਾਇਜ਼ ਕਾਰਕ ਐਕਟ, 1981 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 10th October, 2025

**No. 48/L.C./2025.**- The Translation in Punjabi of the Punjab Registration Validating Act, 1981 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਪੰਜਾਬ ਰਜਿਸਟਰੀਕਰਨ ਜਾਇਜ਼ ਕਾਰਕ ਐਕਟ, 1981

(1981 ਦਾ ਪੰਜਾਬ ਐਕਟ ਨੰ: 21)

ਕੁੱਝ ਕੁ ਰਜਿਸਟਰੀਆਂ ਅਤੇ ਇਸ ਦੇ ਨਾਲ ਲਗਦੇ ਮਾਮਲਿਆਂ ਨੂੰ ਜਾਇਜ਼ ਬਣਾਉਣ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਬੱਤੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ।

1. ਇਸ ਐਕਟ ਨੂੰ ਪੰਜਾਬ ਰਜਿਸਟਰੀਕਰਨ ਜਾਇਜ਼ ਕਾਰਕ ਐਕਟ, 1981 ਕਿਹਾ ਜਾ ਸਕੇਗਾ।

ਸਬ-ਰਜਿਸਟਰਾਰ ਦੇ ਤੌਰ ਤੇ ਕਾਰਜ ਕਰ ਰਹੇ ਰਜਿਸਟਰੀ ਅਧਿਕਾਰੀਆਂ ਦੇ ਕਾਰਜਾਂ ਦੀ ਜਾਇਜ਼ਤਾ।

2. ਹੇਠ ਲਿਖੇ-

(ੳ) ਅਨੁਸੂਚੀ 1 ਦੇ ਖਾਨਾ 2 ਵਿੱਚ ਉਲਿਖਤ ਰਜਿਸਟਰੀ ਅਧਿਕਾਰੀ ਉਸ ਅਨੁਸੂਚੀ ਦੇ ਖਾਨਾ 3 ਵਿੱਚ ਹਰੇਕ ਤੇ ਨੋਟ ਕੀਤੀ ਮੁੱਦਤ ਦੇ ਦੌਰਾਨ ਉਸ ਦੇ ਖਾਨਾ 1 ਵਿੱਚ ਉਲਿਖਤ ਉਪ-ਜ਼ਿਲ੍ਹਿਆਂ ਦੇ ਸਬ-ਰਜਿਸਟਰਾਰ ਵਜੋਂ ਕਾਰਜ ਕਰ ਰਹੇ; ਅਤੇ

(ਅ) ਉਪ-ਜ਼ਿਲ੍ਹਾ ਅੰਮ੍ਰਿਤਸਰ (ਦਿਹਾਤੀ) ਦੇ ਅੰਦਰ ਆਉਣ ਵਾਲੇ ਖੇਤਰ ਅਤੇ 14 ਜਨਵਰੀ, 1977 ਤੋਂ ਅਰੰਭ ਹੋ ਕੇ 26 ਫਰਵਰੀ, 1979 ਤੱਕ ਖਤਮ ਹੋਣ ਵਾਲੀ ਮੁੱਦਤ ਦੇ ਦੌਰਾਨ ਅਨੁਸੂਚੀ 2 ਵਿੱਚ ਉਲਿਖਤ ਸ਼ਾਮਲ ਪਿੰਡਾਂ ਦੇ ਬਾਰੇ ਸਬ-ਰਜਿਸਟਰਾਰ ਦੇ ਤੌਰ ਤੇ ਕਾਰਜ ਕਰ ਰਹੇ ਸਬ-ਰਜਿਸਟਰਾਰ, ਅੰਮ੍ਰਿਤਸਰ (ਸ਼ਹਿਰੀ) ਦੁਆਰਾ ਕੀਤੇ ਗਏ

ਕਾਰਜਾਂ ਨੂੰ, ਜਾਇਜ਼ ਤੌਰ ਤੇ ਕੀਤਾ ਗਿਆ ਸਮਝਿਆ ਜਾਵੇਗਾ ਜਿਵੇਂ ਕਿ ਉਪਰੋਕਤ ਵਿਅਕਤੀਆਂ ਨੂੰ ਰਜਿਸਟਰੀਕਰਨ ਐਕਟ, 1908 (1908 ਦਾ ਕੇਂਦਰੀ ਐਕਟ 16) ਦੇ ਅਧੀਨ ਅਜਿਹੇ ਕਾਰਜਾਂ ਨੂੰ ਨਿਭਾਉਣ ਦੇ ਪ੍ਰਯੋਜਨਾਂ ਲਈ ਸਹੀ ਤੌਰ ਤੇ ਸਬ-ਰਜਿਸਟਰਾਰ ਨਿਯੁਕਤ ਕੀਤਾ ਗਿਆ ਸੀ।

ਅਨੁਸੂਚੀ I

| ਉਪ-ਜ਼ਿਲ੍ਹਾ | ਰਜਿਸਟਰੀ ਅਧਿਕਾਰੀ | ਮੁੱਦਤ |
|---|---|---|
| 1 | 2 | 3 |
| ਲੁਧਿਆਣਾ (ਸ਼ਹਿਰੀ) | 1. ਸ੍ਰੀ ਰਾਮ ਲਾਲ, ਪੀ.ਸੀ.ਐਸ., ਕਾਰਜਕਾਰੀ ਮੈਜਿਸਟਰੇਟ। | 19 ਅਗਸਤ, 1972 ਤੋਂ 6 ਸਤੰਬਰ, 1972 ਤੱਕ। |
| | 2. ਸ੍ਰੀ ਸੇਵਕ ਸਿੰਘ, ਪੀ.ਸੀ.ਐੱਸ., ਕਾਰਜਕਾਰੀ ਮੈਜਿਸਟਰੇਟ। | 7 ਸਤੰਬਰ, 1972 ਤੋਂ 5 ਅਪ੍ਰੈਲ, 1973 ਤੱਕ। |
| | 3. ਮਿਸ ਪੀ.ਆਹਲੂਵਾਲੀਆ, ਜ਼ਿਲ੍ਹਾ ਸ਼ਿਕਾਇਤ ਨਿਵਾਰਨ ਅਧਿਕਾਰੀ। | 6 ਅਪ੍ਰੈਲ, 1973 ਤੋਂ 19 ਫਰਵਰੀ, 1977 ਤੱਕ। |
| | 4. ਸ੍ਰੀ ਐਮ. ਐਲ. ਗੋਤਰਾ, ਜ਼ਿਲ੍ਹਾ ਸ਼ਿਕਾਇਤ ਨਿਵਾਰਨ ਅਧਿਕਾਰੀ। | 20 ਫਰਵਰੀ, 1977 ਤੋਂ 30 ਅਪ੍ਰੈਲ, 1977 ਤੱਕ। |
| | 5. ਸ੍ਰੀ ਵੀ.ਪੀ. ਦੂਬੇ, ਪੀ.ਸੀ.ਐੱਸ., ਜ਼ਿਲ੍ਹਾ ਸ਼ਿਕਾਇਤ ਨਿਵਾਰਨ ਅਧਿਕਾਰੀ। | 5 ਮਈ, 1977 ਤੋਂ 30 ਨਵੰਬਰ, 1977 ਤੱਕ। |
| | 6. ਸ੍ਰੀ ਜੇ.ਐੱਲ. ਮਲਹੋਤਰਾ, ਪੀ.ਸੀ.ਐੱਸ., ਡਿਪਟੀ ਕਮਿਸ਼ਨਰ ਦੇ ਆਮ ਸਹਾਇਕ। | 1 ਦਸੰਬਰ, 1977 ਤੋਂ 21 ਮਈ, 1979 ਤੱਕ। |

| | | |
|---|---|---|
| ਜਲੰਧਰ<br>(ਸ਼ਹਿਰੀ) | 1. ਸ੍ਰੀ ਐਮ.ਐੱਲ. ਗੋਤਰਾ,<br>ਪੀ.ਸੀ.ਐਸ.,<br>ਕਾਰਜਕਾਰੀ ਮੈਜਿਸਟ੍ਰੇਟ।<br>2. ਸ੍ਰੀ ਜੋਗਿੰਦਰ ਪਾਲ ਸਿੰਘ,<br>ਪੀ.ਸੀ.ਐਸ.,<br>ਕਾਰਜਕਾਰੀ ਮੈਜਿਸਟ੍ਰੇਟ।<br>3. ਸ੍ਰੀ ਮਨੋਹਰ ਸਿੰਘ,<br>ਪੀ.ਸੀ.ਐਸ., ਡਿਪਟੀ<br>ਕਮਿਸ਼ਨਰ ਦੇ ਆਮ ਸਹਾਇਕ। | 6 ਜੂਨ, 1973 ਤੋਂ<br>31 ਅਗਸਤ, 1973 ਤੱਕ |
| | 4. ਸ੍ਰੀ ਜੋਗਿੰਦਰ ਸਿੰਘ ਪੁਰੀ,<br>ਪੀ.ਸੀ.ਐੱਸ., ਕਾਰਜਕਾਰੀ<br>ਮੈਜਿਸਟਰੇਟ।<br>5. ਸ੍ਰੀ ਆਈ.ਡੀ. ਕੰਵਰ,<br>ਪੀ.ਸੀ.ਐਸ., ਕਾਰਜਕਾਰੀ<br>ਮੈਜਿਸਟਰੇਟ।<br>6. ਸ੍ਰੀ ਡੀ.ਐਸ. ਮੁਲਤਾਨੀ,<br>ਪੀ. ਸੀ.ਐੱਸ., ਡਿਪਟੀ<br>ਕਮਿਸ਼ਨਰ ਦੇ ਆਮ<br>ਸਹਾਇਕ।<br>7. ਸ੍ਰੀ ਹਰਿੰਦਰ ਸਿੰਘ,<br>ਪੀ.ਸੀ.ਐਸ., ਕਾਰਜਕਾਰੀ<br>ਮੈਜਿਸਟਰੇਟ। | 5 ਜੂਨ, 1974 ਤੋਂ<br>31 ਜੁਲਾਈ, 1974 ਤੱਕ<br>ਅਤੇ 1 ਨਵੰਬਰ, 1974<br>ਤੋਂ 15 ਜਨਵਰੀ, 1975<br>ਤੱਕ। |

| | | |
|---|---|---|
| ਪਟਿਆਲਾ (ਸ਼ਹਿਰੀ) | ਸ੍ਰੀਮਤੀ ਸੁਸ਼ੀਲ ਗੁਪਤਾ, ਕਾਰਜਕਾਰੀ ਮੈਜਿਸਟਰੇਟ। | 11 ਜੂਨ, 1974 ਤੋਂ 26 ਮਈ, 1975 ਤੱਕ। |
| ਫਿਲੌਰ | . . ਸਬ-ਡਿਵੀਜ਼ਨਲ ਅਧਿਕਾਰੀ (ਸਿਵਲ), ਫਿਲੌਰ। | 10 ਜੂਨ, 1974 ਤੋਂ 31 ਜੁਲਾਈ, 1974 ਤੱਕ। |
| ਨਵਾਂ ਸ਼ਹਿਰ | . . ਸਬ-ਡਿਵੀਜ਼ਨਲ ਅਧਿਕਾਰੀ (ਸਿਵਲ), ਨਵਾਂ ਸ਼ਹਿਰ। | 10 ਜੂਨ, 1974 ਤੋਂ 31 ਜੁਲਾਈ, 1974 ਤੱਕ। |
| ਨਕੋਦਰ | . . ਸਬ-ਡਿਵੀਜ਼ਨਲ ਅਧਿਕਾਰੀ (ਸਿਵਲ), ਨਕੋਦਰ। | 10 ਜੂਨ, 1974 ਤੋਂ 31 ਜੁਲਾਈ, 1974 ਤੱਕ। |
| ਗੁਰਦਾਸਪੁਰ | 1. ਸਬ-ਡਿਵੀਜ਼ਨਲ ਅਧਿਕਾਰੀ (ਸਿਵਲ), ਗੁਰਦਾਸਪੁਰ, | 1 ਮਈ, 1975 ਤੋਂ 19 ਮਈ, 1975 ਤੱਕ। |
| | 2. ਡਿਪਟੀ ਕਮਿਸ਼ਨਰ ਦੇ ਆਮ ਸਹਾਇਕ। | 13 ਜੁਲਾਈ, 1976 ਤੋਂ 19 ਅਗਸਤ, 1976 ਤੱਕ। |
| ਬਟਾਲਾ | . . ਸਬ-ਡਿਵੀਜ਼ਨਲ ਅਧਿਕਾਰੀ (ਸਿਵਲ), ਬਟਾਲਾ। | 1 ਮਈ, 1975 ਤੋਂ 19 ਮਈ, 1975 ਤੱਕ ਅਤੇ 13 ਜੁਲਾਈ, 1976 ਤੋਂ 19 ਅਗਸਤ, 1976 ਤੱਕ। |
| ਪਠਾਨਕੋਟ | . . ਸਬ-ਡਿਵੀਜ਼ਨਲ ਅਧਿਕਾਰੀ (ਸਿਵਲ), ਪਠਾਨਕੋਟ। | 1 ਮਈ, 1975 ਤੋਂ 19 ਮਈ, 1975 ਤੱਕ। |

## ਅਨੁਸੂਚੀ II

| ਲੜੀ ਨੰ: | ਪਿੰਡ ਦਾ ਨਾਮ | ਐੱਚ. ਬੀ. ਨੰ: |
|---|---|---|
| 1. | ਕਾਲੇ | .. 368 ਉਪਨਗਰੀ, 381 ਸ਼ਹਿਰੀ |
| 2. | ਘਨੂਪੁਰ | .. 368 ਉਪਨਗਰੀ, 381 ਸ਼ਹਿਰੀ |
| 3. | ਬਾਖ ਸ਼ਿਕਾਰਗਾਹ | .. 282 |
| 4. | ਤੁੰਗ ਬਾਲਾ | .. 371 ਉਪਨਗਰੀ, 384 ਸ਼ਹਿਰੀ |
| 5. | ਤੁੰਗ ਪੇਨ | .. 372 ਉਪਨਗਰੀ, 385 ਸ਼ਹਿਰੀ |

| | | | |
|---|---|---|---|
| 6. | ਵੇਰਕਾ | .. | 281 |
| 7. | ਵੱਲ੍ਹਾ | .. | 280 |
| 8. | ਖਾਨਕੋਟ | .. | 279 |
| 9. | ਸੁਲਤਾਨਵਿੰਡ | .. | 373 ਉਪਨਗਰੀ, 386 ਸ਼ਹਿਰੀ |
| 10. | ਦੁਬੁਰਜੀ (ਸੁਲਤਾਨਵਿੰਡ) | .. | 373 ਉਪਨਗਰੀ |
| 11. | ਕੋਟ ਮੀਤ ਸਿੰਘ (ਸੁਲਤਾਨਵਿੰਡ) | .. | 373 |
| 12. | ਮੂਲੇਚਕ | .. | 376 |
| 13. | ਭਰਾਰੀਵਾਲ | .. | 374 ਉਪਨਗਰੀ, 378 ਸ਼ਹਿਰੀ |
| 14. | ਫਤਹਿਪੁਰ | .. | 377 |
| 15. | ਕੋਟ ਖਾਲਸਾ | .. | 367 ਉਪਨਗਰੀ, 379 ਸ਼ਹਿਰੀ |
| 16. | ਵਡਾਲੀ ਗੁਰੂ | .. | 366 ਉਪਨਗਰੀ 380 ਸ਼ਹਿਰੀ |
| 17. | ਗੋਪਾਲ ਨਗਰ, ਭਵਾਨੀ ਨਗਰ (ਅੰਮ੍ਰਿਤਸਰ) | .. | 375 ਉਪਨਗਰੀ |
| 18. | ਵਿਜੇ ਨਗਰ (ਅੰਮ੍ਰਿਤਸਰ) | .. | 375 ਉਪਨਗਰੀ |
| 19. | ਢਪਈ (ਅੰਮ੍ਰਿਤਸਰ) | .. | 375 ਉਪਨਗਰੀ |
| 20. | ਮੁਸਤਫਾਬਾਦ (ਤੁੰਗ ਪੇਨ) | .. | 372 |
| 21. | ਮਕਬੂਲਪੁਰਾ (ਸੁਲਤਾਨਵਿੰਡ) | .. | 386 ਸ਼ਹਿਰੀ |
| 22. | ਮੋਹਕਮਪੁਰਾ ਕ੍ਰਿਸ਼ਨਾ ਨਗਰ (ਤੁੰਗ ਪੇਨ) | .. | 372 |

**ਦੇਵਿੰਦਰ ਕੁਮਾਰ ਗੁਪਤਾ,**
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3524/10-2025/Pb. Govt. Press, S.A.S. Nagar*